# Punjabi Grammar

## ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ

**ਨਿਕਾਸ :⇒** ਪੰਜਾਬੀ ਭਾਸ਼ਾ ਦੇ ਨਿਕਾਸ ਤੋਂ ਭਾਵ ਹੈ ਕਿ ਪੰਜਾਬੀ ਭਾਸ਼ਾ ਦਾ ਜਨਮ ਸ੍ਰੋਤ ਕੀ ਹੈ ਭਾਵ ਕਿ ਉਹ ਕਿਹੜੇ ਸੋਮੇ ਜਾਂ ਸ੍ਰੋਤ ਹਨ ਜਿਨ੍ਹਾਂ ਤੋਂ ਪੰਜਾਬੀ ਭਾਸ਼ਾ ਦਾ ਜਨਮ ਹੋਇਆ ਹੈ। ਵਿਸ਼ਵ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੇ ਪ੍ਰਮੁੱਖ ਰੂਪ ਵਿੱਚ ਦੱਸ ਭਾਸ਼ਾ ਪਰਿਵਾਰ ਹਨ।

[ਵਿਸ਼ਵ ਦੇ ਪ੍ਰਮੁੱਖ ਭਾਸ਼ਾ ਪਰਿਵਾਰ]

ਭਾਰੋਪੀ (ਭਾਰਤ-ਯੂਰਪੀ)

1. ਅਲਤੇਇਕ — Indo-European
2. ਯੂਰਾਲਿਕ — Altaic
3. ਦ੍ਰਾਵਿੜੀ — Uralic
4. ਆਸਟ੍ਰੋ-ਏਸ਼ੀਆਟਿਕ — Dravidian
5. ਸਾਇਨੋ ਤਿੱਬਤੀ — Austro-Asiatic
6. ਆਸਟ੍ਰੋ - ਤਾਈ — Sino-Tibetan
7. ਆਸਟ੍ਰੇਲੀਅਨ — Austro-Tai
8. ਅਫ਼ਰੋ - ਏਸ਼ੀਐਟਿਕ — Australian
9. ਨਾਈਜਰ - ਕੋਰਡੋਫੈਨੀਅਨ — Afro-Asiatic
10. Niger-Kordofanian

ਇਹਨਾਂ ਭਾਸ਼ਾ ਪਰਿਵਾਰਾਂ ਦੇ ਸੰਦਰਭ ਵਿੱਚ ਵੇਖਿਆ ਪੰਜਾਬੀ ਭਾਸ਼ਾ ਦਾ ਸੰਬੰਧ ਭਾਰੋਪੀ ਭਾਸ਼ਾ-ਪਰਿਵਾਰ ਦੇ ਉਪ-ਪਰਿਵਾਰ ਭਾਰਤ-ਈਰਾਨੀ ਨਾਲ ਜੁੜਦਾ ਹੈ।

## 1.) ਭਾਰੋਪੀ (ਭਾਰਤ-ਯੂਰਪੀ) ਭਾਸ਼ਾ ਪਰਿਵਾਰ [Indo-European]

ਭਾਰੋਪੀ ਭਾਸ਼ਾ ਪਰਿਵਾਰ ਵਿੱਚ ਲਗਭਗ 100 ਦੇ ਭਾਸ਼ਾਈ ਆਉਂਦੀਆਂ ਹਨ। ਇਸ ਪਰਿਵਾਰ ਦੀਆਂ ਵਿਸ਼ਾਲ ਬੋਲੀਆਂ ਗਿਣਤੀ ਦੇ ਲਿਹਾਜ਼ ਨਾਲ ਇਹ ਕੋਈ ਜ਼ਿਆਦਾ ਵੱਡਾ ਭਾਸ਼ਾ ਪਰਿਵਾਰ ਨਹੀਂ ਹੈ। ਪਰੰਤੂ ਬੁਲਾਰਿਆਂ ਦੀ ਗਿਣਤੀ ਦੇ ਪੱਖੋਂ ਭਾਰੋਪੀ ਭਾਸ਼ਾ ਪਰਿਵਾਰ ਬੋਲੀਆਂ ਦਾ ਸਭ ਤੋਂ ਵੱਡਾ ਭਾਸ਼ਾ ਪਰਿਵਾਰ ਹੈ। ਇਸ ਪਰਿਵਾਰ ਦੇ ਬੁਲਾਰਿਆਂ ਦੀ ਗਿਣਤੀ 170 ਕਰੋੜ ਦੇ ਲਗਭਗ ਹੈ। ਇਹ ਪੱਛਮੀ ਯੂਰਪ ਦੇ ਆਇਰਲੈਂਡ ਤੋਂ ਲੈ ਕੇ ਉਤਰੀ ਕੇਂਦਰੀ ਭਾਰਤੀ ਤੱਕ ਅਤੇ ਚੀਨੀ ਤੁਰਕਿਸਤਾਨ ਤੱਕ ਫੈਲਿਆ ਹੈ। 17 ਵੀਂ ਅਤੇ 18 ਵੀਂ ਸਦੀ ਤੱਕ ਭਾਸ਼ਾ ਸ਼ਾਸਤਰੀ ਵਿੱਚ ਪਰਿਵਾਰ ਦੇ ਮੂਲ ਦਾ ਪਤਾ ਨਹੀਂ ਸੀ। 18 ਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਕੋਲਕਤਾ ਹਾਈ ਕੋਰਟ ਦਾ ਜੱਜ ਸਰ ਵਿਲੀਅਮ ਜੋਨਸ ਅੰਤਲੇ ਦਹਾਕੇ ਵਿੱਚ ਜੋ ਸੰਸਕ੍ਰਿਤ ਦਾ ਗਿਆਨ ਹਾਸਿਲ ਕਰ ਰਿਹਾ ਸੀ, ਜੋ ਸੰਸਕ੍ਰਿਤ ਤੇ ਲਾਤੀਨੀ, ਯੂਨਾਨੀ, ਜਰਮੈਨਿਕ, ਵਿਚਲੀ ਸਾਂਝ ਤੋਂ ਜਾਣੂ ਹੋਇਆ ਤਾਂ ਉਸਨੇ ਐਲਾਨ ਕਰ ਦਿਤਾ ਕਿ ਇਹਨਾਂ ਭਾਸ਼ਾਵਾਂ ਵਿੱਚ ਜਨਨੀ ਸੰਬੰਧ ਹਨ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਇਹਨਾਂ ਭਾਸ਼ਾਵਾਂ ਦਾ ਇੱਕ ਵੰਸ਼ ਹੈ। ਅਤੇ ਇਹਨਾਂ ਦਾ ਭਾਸ਼ਾ ਸ੍ਰੋਤ ਵੀ ਸਾਂਝਾ ਹੈ। ਪਰ ਔਪਿਕ ਭਾਸ਼ਾ ਪਰਿਵਾਰ ਦੇ 9 ਪ੍ਰਮੁੱਖ ਉਪ-ਪਰਿਵਾਰ ਹਨ। ਜੋ ਇਸ ਪਰਿਵਾਰ ਦੀਆਂ ਸ਼ੋਭਤ ਜਰਮਸ-ਸ਼ਰਮਸ

ਭਾਰੋਪੀ ਪਰਿਵਾਰ:

1. ਜਰਮੈਨਿਕ
2. ਸੈਲਟਿਕ (celtic)
3. ਇਟੈਲਿਕ
4. ਹੈਲੇਨਿਕ (ਯੂਨਾਨੀ)
5. ਅਲਬੇਨੀਅਨ
6. ਅਰਮੀਨੀਅਨ
7. ਬਾਲਟਿਕ
8. ਸਲਾਵਿਕ (slavic)
9. ਭਾਰਤ-ਈਰਾਨੀ [Indo-Iranian].

2.> ਭਾਰਤੀ ਆਰੀਆ ਉਪ-ਭਾਸ਼ਾ [Indo-Aryan language family]

ਇਹ ਪਰਿਵਾਰ ਦਾ ਵਿਕਾਸ ਪਿਛਲੇ [3500] ਸਾਢੇ ਤਿੰਨ ਸਾਲਾਂ ਤੋਂ ਹੁੰਦਾ ਆ ਰਿਹਾ ਹੈ। ਇਸ ਭਾਸ਼ਾ ਪਰਿਵਾਰ ਵਿੱਚ ਬਹੁਤ ਪੁਰਾਤਨ ਗ੍ਰੰਥ, ਟੈਕਸਟ, ਕਸ਼ਮਿਰ ਰਚਨਾਵਾਂ ਆਦਿ ਅਜਿਹੀ ਸੱਮਗਰੀ ਉਪਲਬਧ ਹੁੰਦੀ ਹੈ। ਜਿਨ੍ਹਾਂ ਤੋਂ ਭਾਰਤੀ-ਆਰੀਆ ਭਾਸ਼ਾਵਾਂ ਦੀ ਵਿਸ਼ਾਲ ਭਾਸ਼ਾਈ ਜਾਣਕਾਰੀ ਮਿਲਦੀ ਹੈ।

: ਵਿਕਾਸ ਪੜਾਅ / ਭਾਸ਼ਾ ਦੀ ਸਥਾਪਨਾ :⇒

ਕਾਲ ਖੰਡ ਸਮੇਂ ਵਿੱਚ ਭਾਰਤ ਦੇ ਉੱਤਰ-ਪੱਛਮੀ ਸਰਹੱਦੀ ਇਲਾਕਿਆਂ ਵਿੱਚ ਆਰੀਆ ਲੋਕਾਂ ਦੇ ਵਿਭਿੰਨ ਦਲ ਆਉਣ ਲੱਗ ਪਏ ਸਨ, ਜਿਨ੍ਹਾਂ ਨੂੰ ਸਿੱਧ ਪੰਜਾਬ ਕਰਕੇ ਜਾਇਆ ਜਾਂਦਾ ਸੀ। ਹੌਲੀ-ਹੌਲੀ ਇਨ੍ਹਾਂ ਲੋਕਾਂ ਨੇ ਵੱਖ-2 ਸਥਾਨਾਂ ਤੇ ਪ੍ਰਵੇਸ਼ ਕੀਤਾ ਅਤੇ ਰਾਜ ਸਥਾਪਤ ਕਰ ਲਏ। ਜੋ ਜਲਾਲੀ, ਰਾਜਦੂਤ ਭਾਰਤ ਆਇਆ ਉਦੋਂ ਤੱਕ ਆਰੀਆ ਸੰਸਕ੍ਰਿਤੀ ਦੱਖਣ ਭਾਰਤ ਤੱਕ ਫੈਲ ਚੁੱਕੀ ਸੀ। ਪਰ ਪੰਜਾਬ ਹੀ ਭਾਰਤੀ ਆਰੀਆ ਭਾਸ਼ਾ ਅਤੇ ਸੰਸਕ੍ਰਿਤੀ ਦਾ 'ਪੰਘੂੜਾ' ਕਿਹਾ ਜਾ ਸਕਦਾ ਹੈ। ਇਨ੍ਹਾਂ ਦੇ ਤਿੰਨ ਵਿਕਾਸ ਪੜਾਅ ਹਨ:

1. ਪ੍ਰਾਚੀਨ ਭਾਰਤ ਆਰੀਆ ਭਾਸ਼ਾ
2. ਮੱਧ ਕਾਲੀਨ ਭਾਰਤ ਆਰੀਆ ਭਾਸ਼ਾ
3. ਆਧੁਨਿਕ ਭਾਰਤ ਆਰੀਆ ਭਾਸ਼ਾ

1.> → ਪ੍ਰਾਚੀਨ ਭਾਰਤ ਆਰੀਆ ਭਾਸ਼ਾ [Old Indo-Aryan]
[1500 ਪੂ.ਈ ਤੋਂ 600 ਪੂ.ਈ]

- ਵੈਦਿਕ ਸੰਸਕ੍ਰਿਤੀ / ਵੈਦਿਕ ਭਾਸ਼ਾ
- ਕਲਾਸੀਕਲ ਸੰਸਕ੍ਰਿਤ / ਲੌਕਿਕ ਸੰਸਕ੍ਰਿਤ

2.) → ਮੱਧਕਾਲੀਨ ਭਾਸ਼ਾ [middle Indo Aryan]
[600 ਪੂ.ਈ ਤੋਂ 1000 ਈ.]

- ਪਾਲੀ ਪ੍ਰਾਕਿਤ
  ਅਸ਼ੋਕੀ ਪਾਲੀ
  [600 ਪੂ. ਈ. ਤੋਂ ਪਹਿਲੀ ਸਦੀ ਈ.]
- ਸਾਹਿਤਕ ਪ੍ਰਾਕ੍ਰਿਤ
  (ਪਹਿਲੀ ਪ੍ਰਾਕ੍ਰਿਤ ਭਾਸ਼ਾਵਾਂ)
  : ਸ਼ੌਰਸੈਨੀ, ਮਾਗਧੀ, ਮਹਾਰਾਸ਼ਟਰੀ, ਮਰੂ, ਪੈਸ਼ਾਚੀ, ਟੱਕੀ ਜੱਟੀ, ਖਸ ਪ੍ਰਾਕ੍ਰਿਤ।
- ਅਪਭ੍ਰੰਸ਼ ਭਾਸ਼ਾਵਾਂ
  [600 ਈ. ਤੋਂ 1000 ਈ. ਅਰਧ-ਮਾਗਧੀ ਅਪਭ੍ਰੰਸ਼, ਪੈਸ਼ਾਚੀ ਅਪਭ੍ਰੰਸ਼, ਮਰੂ ਅਪ., ਮਹਾਰਾਸ਼ਟਰੀ ਅਪਭ੍ਰੰਸ਼।

3.) → ਆਧੁਨਿਕ ਭਾਸ਼ਾ [new Indo aryan]
[1000 ਈ. ਤੋਂ ਹੁਣ ਤੱਕ]

- ਉੱਤਰ-ਪੱਛਮੀ ਵਰਗ → ਸਿੰਧੀ, ਲਹਿੰਦੀ-ਪੰਜਾਬੀ, ਪੂਰਬੀ ਪੰਜਾਬੀ
- ਉੱਤਰੀ ਵਰਗ (ਪਹਾੜੀ) → ਪਹਾੜੀ ਬੋਲੀਆਂ: ਨੇਪਾਲੀ, ਕੁਲੂਈ, ਗੜ੍ਹਵਾਲੀ, ਕਿਉਂਥਲੀ, ਕੁਮਾਉਂਨੀ, ਚੰਬਿਆਲੀ
- ਮੱਧ ਦੇਸ਼ੀ ਵਰਗ → ਪੱਛਮੀ ਹਿੰਦੀ: ਬੁੰਦੇਲੀ, ਕਨੌਜੀ, ਬ੍ਰਜਭਾਸ਼ਾ, ਬਾਂਗਰੂ, ਹਿੰਦੁਸਤਾਨੀ (ਉਰਦੂ)
- ਪੂਰਬੀ ਵਰਗ → ਪੂਰਬੀ ਹਿੰਦੀ: ਅਵਧੀ, ਬਘੇਲੀ
  ਮਾਗਧੀ ਭਾਸ਼ਾ: ਬੰਗਾਲੀ, ਅਸਾਮੀ
- ਦੱਖਣੀ ਵਰਗ → ਮਰਾਠੀ, ਕੋਂਕਣੀ
- ਪੱਛਮੀ ਵਰਗ → ਗੁਜਰਾਤੀ, ਰਾਜਸਥਾਨੀ, ਮੇਵਾਤੀ, ਨਿਮਾੜੀ, ਜੈਪੁਰੀ, ਮਾਲਵੀ, ਹਾੜੌਤੀ

Johan Beams

Jhun Beams, 1872 ਦਾ ਵਿਆਕਰਨ "Comparative grammer The Modern Aryan languages of India" ਦੀ ਮਹੱਤਵ ਹੈ। ਪਰੰਤੂ Dr. Hoernle ਦਾ ਤੁਲਨਾਤਮਕ ਵਿਆਕਰਨ "A Grammer of Eastern hindi Compared with other Gaudian lang, 1880 A.D.

1.) ਪ੍ਰਾਚੀਨ ਭਾਰਤੀ ਆਰੀਆ ਭਾਸ਼ਾ: ਇਸ ਵੇਦ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਹੈ। ਇਸ ਦਾ ਦੂਜਾ ਨਾਮ ਵੈਦਿਕ ਸੰਸਕ੍ਰਿਤੀ ਹੈ। ਇਸ ਨੂੰ ਉਸ ਸਮੇਂ ਪਵਿੱਤਰ ਸਾਹਿਤਕ ਭਾਸ਼ਾ ਮੰਨਿਆ ਜਾਂਦਾ ਸੀ ਜਿਸ ਦੀ ਗਲਤ ਵਰਤੋਂ ਕਰਨ ਤੇ ਪਾਪ ਲੱਗਦਾ ਸੀ, ਇਸ ਪਾਪ ਤੋਂ ਬਚਣ ਲਈ ਹੋਰ ਵਿਦਵਾਨਾਂ ਨੇ ਵਿਆਕਰਨ ਵੀ ਪੇਸ਼ ਕੀਤਾ। ਇਸ ਦੀਆਂ ਵਿਸ਼ੇਸ਼ਤਾਵਾ ਹੇਠ ਲਿਖੇ ਅਨੁਸਾਰ ਹਨ।

→ 13 ਸਵਰ 39 ਵਿਅੰਜਨ ਹਨ।
→ ਇਸ ਵਿੱਚ 2 ਲਿੰਗ ਹਨ • ਪੁਲਿੰਗ, • ਇਸਤਰੀ ਲਿੰਗ।
→ ਇਸ ਵਿੱਚ 8 ਕਾਰਕ ਹਨ।
→ ਵੈਦਿਕ ਸੰਸਕ੍ਰਿਤੀ 'ਲ' ਧੁਨੀ ਨਹੀਂ ਮਿਲਦੀ।
→ ਸਮੇਂ ਅਨੁਸਾਰ ਇਸ ਵੈਦਿਕ ਸੰਸਕ੍ਰਿਤੀ ਵਿੱਚ ਆਮ ਲੋਕਾਂ ਨੇ ਆਪਣੇ ਬੋਲਚਾਲ ਵਿੱਚ ਕਈ ਤਬਦੀਲੀਆਂ ਲਿਆਂਦੀਆ ਜਿਸ ਕਰਕੇ ਇਸਨੂੰ ਲੌਕਿਕ ਭਾਸ਼ਾ ਕਿਹਾ ਜਾਂਦਾ ਹੈ।

2.) ਮੱਧਕਾਲੀਨ ਭਾਰਤੀ ਆਰੀਆ ਭਾਸ਼ਾ: ਇਸ ਕਾਲ ਦੀਆਂ ਭਾਸ਼ਾ ਨੂੰ 3 ਭਾਗਾਂ ਵਿੱਚ ਵੰਡੀਆ ਗਿਆ ਹੈ। ਪਹਿਲੇ ਤੋਂ ਲੈ ਕਰਕੇ ਤੀਜੇ ਪ੍ਰਾਕ੍ਰਿਤ ਤੱਕ।

[ਪਹਿਲਾ ਪ੍ਰਾਕ੍ਰਿਤ:]
ਪਾਲੀ ਦਾ ਅਰਥ ਹੈ ਪਿੰਡ ਦੀ ਭਾਸ਼ਾ। ਬੁੱਧ ਧਰਮ ਦੇ ਵਿਚਾਰਾਂ ਦੀ ਰੱਖਿਆ ਕਰਨ ਵਾਲੀ ਭਾਸ਼ਾ ਅਖਵਾਉਂਦੀ ਹੈ। ਵਿਸ਼ੇਸ਼ਤਾਵਾ:

- ਪਾਲੀ ਭਾਸ਼ਾ ਦੇ 2 ਵਚਨ ਹਨ • ਇੱਕ ਵਚਨ • ਬਹੁ ਵਚਨ
- ਕਾਰਕਾਂ ਦੀ ਗਿਣਤੀ 6 ਹੈ

[ਦੂਜਾ ਪੜਾਅ]

ਦੂਜੇ ਪੜਾਅ ਵਿੱਚ ਭਾਸ਼ਾ ਨੂੰ ਵਿਆਕਰਨ ਬੱਧ ਕਰ ਦਿੱਤਾ ਹੈ ਤੇ ਇਹ ਲੋਕਾਂ ਦੇ ਮੂੰਹ ਤੋਂ ਉਤਰ ਗਈ। ਜਦੋਂ ਇਸ ਦੀ ਸਰਲਤਾ ਸਮਾਪਤ ਹੋ ਗਈ ਤਾ ਹੋਰ ਪ੍ਰਾਕ੍ਰਿਤ ਭਾਸ਼ਾਵਾਂ ਦਾ ਜਨਮ ਹੋਇਆ। ਜਿਸ ਵਿੱਚ ਮਾਗਧੀ, ਪੈਸ਼ਾਚੀ, ਮਹਾਰਾਸ਼ਟਰੀ ਤੇ ਆਦਿ ਹਨ।

ਵਿਸ਼ੇਸ਼ਤਾਵਾਂ:

1) ਵਰਨਾਂ ਦੀ ਗਿਣਤੀ 4 ਸੀ।
2) ਸਹਾਇਕ ਕਿਰਿਆਵਾ ਦੀ ਵਰਤੋਂ ਹੋਣ ਲੱਗ ਪੱਈ, ਤੱਦਭਵ ਸ਼ਬਦ ਵਰਤੇਂ ਜਾਣ ਲਗ ਪਏ। /ਨ/ਵ/ ਦੇ /ਤ/ਜ/ਜ਼/

[ਤੀਜਾ ਪੜਾਅ]

ਮੱਧਕਾਲ ਦੀਆਂ ਪ੍ਰਾਕਿਰਤਾਂ ਜਿਸ ਰੂਪ ਵਿੱਚ ਆਇਆ ਉਹਨਾਂ ਨੂੰ ਅਪਭ੍ਰੰਸ਼ ਕਿਹਾ ਗਿਆ। ਇਸ ਵਿੱਚ ਮਹਾਰਾਸ਼ਟਰੀ ਅਪਭ੍ਰੰਸ਼, ਅਰਧ-ਮਾਗਧੀ ਅਪਭ੍ਰੰਸ਼ ਆਦਿ ਹਨ।

ਵਿਸ਼ੇਸ਼ਤਾਵਾਂ: → ਇਨ੍ਹਾਂ ਵਿੱਚ /ੜ/ ਧੁਨੀ ਦਾ ਵਿਕਾਸ ਹੋਇਆ।
→ ਨਾਸਕੀ ਵਿਅੰਜਨਾਂ ਤੇ ਸਮਾਸਾਂ ਦੀ ਵਰਤੋਂ ਹੋਣ ਲੱਗ ਪਈ।

ਆਧੁਨਿਕ ਭਾਸ਼ਾ ਵਿਗਿਆਨੀ ਹੋਸ ਲੱਦਰ ਵਰਗੇ ਹੋਰ ਵਿਦਵਾਨਾਂ ਨੇ ਅਪਭ੍ਰੰਸ਼ ਦੇ ਵਿਆਕਰਨਿਕ ਨਿਯਮ ਬਣਾ ਦਿੱਤੇ ਜਿਸ ਨਾਲ ਆਧੁਨਿਕ ਭਾਰਤ ਆਰੀਆ ਭਾਸ਼ਾ ਦਾ ਜਨਮ ਹੋਇਆ।

ਇਹ ਭਾਸ਼ਾਵਾਂ ਹਨ: ਮਰਾਠੀ, ਗੁਜਰਾਤੀ, ਮਹਾਰਾਸ਼ਟਰੀ ਤੇ ਆਦਿ।